# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times   28 ਸਤੰਬਰ 2026 ਦਿਨ ਸੋਮਵਾਰ   ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ ਵੱਲੋਂ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ 3 ਅਤੇ 4 ਅਕਤੂਬਰ ਨੂੰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 28 ਸਤੰਬਰ : ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ ਵੱਲੋਂ ਪੰਜਵਾਂ ਸਾਲਾਨਾ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ 3 ਅਤੇ 4 ਅਕਤੂਬਰ 2026 ਨੂੰ ਸਰੀ ਦੇ ਸਿਟੀ ਹਾਲ ਵਿਖੇ ਕਰਵਾਈ ਜਾ ਰਹੀ ਹੈ। ਦੋ ਦਿਨਾਂ ਦੀ ਇਸ ਕਾਨਫਰੰਸ ਵਿੱਚ ਵੱਖ-ਵੱਖ ਦੇਸ਼ਾਂ ਤੋਂ ਵਿਦਵਾਨ, ਖੋਜਕਾਰ, ਵਿਦਿਆਰਥੀ ਅਤੇ ਪੰਥਕ ਸ਼ਖ਼ਸੀਅਤਾਂ ਸ਼ਾਮਲ ਹੋਣਗੀਆਂ। ਸੰਮੇਲਨ ਵਿੱਚ ਸਿੱਧੀ ਹਾਜ਼ਰੀ ਦੇ ਨਾਲ ਦੂਰ-ਦੁਰਾਡੇ ਤੋਂ ਆਨਲਾਈਨ ਸ਼ਮੂਲੀਅਤ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਕਾਨਫਰੰਸ ਦੀ ਸਹਿ-ਪ੍ਰਧਾਨ ਅਤੇ ਅਕਾਦਮਿਕ ਮਾਮਲਿਆਂ ਦੀ ਉਪ-ਪ੍ਰਧਾਨ ਡਾ. ਕਮਲਜੀਤ ਕੌਰ ਸਿੱਧੂ ਨੇ ਦੱਸਿਆ ਹੈ ਕਿ ਇਸ ਵਾਰ ਕਾਨਫਰੰਸ ਦਾ ਮੁੱਖ ਵਿਸ਼ਾ "ਜਿਗਿਆਸਾ ਤੋਂ ਵਿਦਵਤਾ, ਆਵਾਜ਼ ਤੋਂ ਪ੍ਰਭਾਵ" ਰੱਖਿਆ ਗਿਆ ਹੈ। ਸੰਮੇਲਨ ਦਾ ਉਦੇਸ਼ ਸਿੱਖ ਇਤਿਹਾਸ, ਵਿਰਾਸਤ, ਸਮਾਜ, ਸੰਸਥਾਵਾਂ ਅਤੇ ਸਮਕਾਲੀ ਮੁੱਦਿਆਂ ਨਾਲ ਸਬੰਧਤ ਖੋਜ ਨੂੰ ਉਤਸ਼ਾਹਿਤ ਕਰਨਾ ਅਤੇ ਖੋਜ ਨੂੰ ਸਮਾਜਿਕ ਬਦਲਾਅ ਨਾਲ ਜੋੜਨਾ ਹੈ।

ਪਹਿਲੇ ਦਿਨ ਅਰਥਸ਼ਾਸਤਰੀ ਅਤੇ ਅਮਰੀਕਾ ਦੇ ਕੌਮਾਂਤਰੀ ਮੁਦਰਾ ਕੋਸ਼ ਵਿਭਾਗ ਦੇ ਮੁਖੀ ਡਾ. ਮਨਮੋਹਨ ਸਿੰਘ ਕੁਮਾਰ ਮੁੱਖ ਬੁਲਾਰੇ ਹੋਣਗੇ। ਉਹ ਬਦਲਦੀ ਦੁਨੀਆ ਵਿੱਚ ਸਿੱਖ ਪਰਵਾਸੀ ਭਾਈਚਾਰੇ ਸਾਹਮਣੇ ਆ ਰਹੀਆਂ ਚੁਣੌਤੀਆਂ ਅਤੇ ਸੰਭਾਵਨਾਵਾਂ ਬਾਰੇ ਵਿਚਾਰ ਪੇਸ਼ ਕਰਨਗੇ। ਇਸ ਤੋਂ ਇਲਾਵਾ ਪਾਕਿਸਤਾਨ ਦੇ ਪੁਰਾਤੱਤਵ ਵਿਭਾਗ ਦੇ ਉਪ-ਨਿਰਦੇਸ਼ਕ ਡਾ. ਅੰਜੁਮ ਦਾਰਾ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਨਾਲ ਸਬੰਧਤ ਖੋਜ ਪੇਸ਼ ਕੀਤੀ ਜਾਵੇਗੀ।

ਕਾਨਫਰੰਸ ਦੌਰਾਨ ਗੁਰਬਾਣੀ ਦੇ ਅਰਥਾਂ ਦੀ ਤੁਲਨਾਤਮਕ ਖੋਜ ਨਾਲ ਸਬੰਧਤ ਵਿਸ਼ੇਸ਼ ਖੋਜ ਪ੍ਰਾਜੈਕਟ ਵੀ ਪੇਸ਼ ਕੀਤਾ ਜਾਵੇਗਾ, ਜਿਸ ਵਿੱਚ ਡਾ. ਗੁਰਮੇਲ ਸਿੰਘ, ਡਾ. ਹਰਜਿੰਦਰ ਸਿੰਘ ਸੰਧੂ ਅਤੇ ਮਨਦੀਪ ਸਿੰਘ ਸੱਜਣ ਵਿਚਾਰ ਸਾਂਝੇ ਕਰਨਗੇ। ਉੱਚ ਸਿੱਖਿਆ ਦੇ ਖੇਤਰ ਵਿੱਚ ਆਰਟੀਫੀਸ਼ੀਅਲ ਏਜੰਸੀ (ਨਕਲੀ ਬੁੱਧੀ) ਦੀ ਭੂਮਿਕਾ, ਸਿੱਖਾਂ ਅਤੇ ਮੂਲ ਨਿਵਾਸੀ ਭਾਈਚਾਰਿਆਂ ਵਿਚਕਾਰ ਸਾਂਝ, ਪੰਜਾਬੀ ਪ੍ਰਤੀਰੋਧ ਦਾ ਇਤਿਹਾਸ ਅਤੇ ਨੌਜਵਾਨਾਂ ਦੇ ਵਿਚਾਰ ਵੀ ਵਿਚਾਰ-ਚਰਚਾ ਦਾ ਹਿੱਸਾ ਹੋਣਗੇ।

ਦੂਜੇ ਦਿਨ ਸਿੱਖ ਸੰਸਥਾਵਾਂ ਦੇ ਇਤਿਹਾਸ, ਵਰਤਮਾਨ ਸਥਿਤੀ ਅਤੇ ਭਵਿੱਖੀ ਦਿਸ਼ਾ ਬਾਰੇ ਵਿਚਾਰ-ਵਟਾਂਦਰਾ ਹੋਵੇਗਾ। ਡਾ. ਸਤਵੀਰ ਸਿੰਘ ਦੀ ਅਗਵਾਈ ਹੇਠ ਹੋਣ ਵਾਲੀ ਚਰਚਾ ਵਿੱਚ ਗੁਰਦੁਆਰਾ ਸਾਹਿਬਾਨ ਦੀ ਬਦਲ ਰਹੀ ਭੂਮਿਕਾ ਅਤੇ ਸੰਗਤ ਦੀਆਂ ਲੋੜਾਂ ਬਾਰੇ ਵਿਚਾਰ ਕੀਤਾ ਜਾਵੇਗਾ।

ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ ਦੇ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਸ. ਗਿਆਨ ਸਿੰਘ ਸੰਧੂ ਵੱਲੋਂ ਸੰਸਥਾ ਨੂੰ ਭਵਿੱਖ ਵਿੱਚ ਗੁਰੂ ਨਾਨਕ ਯੂਨੀਵਰਸਿਟੀ ਦੇ ਰੂਪ ਵਿੱਚ ਵਿਕਸਤ ਕਰਨ ਸਬੰਧੀ ਦ੍ਰਿਸ਼ਟੀ ਸਾਂਝੀ ਕੀਤੀ ਜਾਵੇਗੀ। ਇਸ ਮੌਕੇ "ਸਰਬੱਤ ਦੇ ਭਲੇ" ਲਈ ਆਪਸੀ ਸਹਿਯੋਗ ਅਤੇ ਸਾਂਝੀ ਕਾਰਜਨੀਤੀ ਬਾਰੇ ਵੀ ਖੁੱਲ੍ਹੀ ਚਰਚਾ ਹੋਵੇਗੀ। ਸੰਸਥਾ ਵੱਲੋਂ ਵਿਦਵਾਨਾਂ, ਖੋਜਕਾਰਾਂ, ਵਿਦਿਆਰਥੀਆਂ ਅਤੇ ਪੰਥਕ ਸ਼ਖ਼ਸੀਅਤਾਂ ਨੂੰ ਸੰਮੇਲਨ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਗਈ ਹੈ।

## ਨਾਟਕ "ਜਿਸ ਲਾਹੌਰ ਨਹੀਂ ਵੇਖਿਆ ਓ ਜੰਮਿਆ ਨਹੀਂ" ਦੇ ਮੰਚਨ ਦੌਰਾਨ ਹਰਪਾਲ ਟਿਵਾਣਾ ਦੀ ਵਿਰਾਸਤ ਮੁੜ ਸੁਰਜੀਤ ਹੋਈ

### ਦਰਸ਼ਕਾਂ ਨੂੰ ਭਾਵੁਕ ਕਰ ਗਿਆ 'ਮਾਈ' (ਨਿਰਮਲ ਰਿਸ਼ੀ) ਵੱਲੋਂ ਲਾਹੌਰ ਛੱਡਣ ਲਈ ਆਪਣਾ ਸਮਾਨ ਚੁੱਕ ਕੇ ਜਾਣ ਦਾ ਸੀਨ

### ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਪਦਮਸ਼੍ਰੀ ਨਿਰਮਲ ਰਿਸ਼ੀ ਤੇ ਹੋਰ ਕਲਾਕਾਰਾਂ ਦਾ ਸਨਮਾਨ ਕੀਤਾ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 28 ਸਤੰਬਰ : ਪਟਿਆਲਾ ਦੇ 'ਹਰਪਾਲ ਟਿਵਾਣਾ ਸੈਂਟਰ ਆਫ਼ ਪਰਫਾਰਮਿੰਗ ਆਰਟਸ' ਵਿਖੇ ਨਾਟਕ "ਜਿਸ ਲਾਹੌਰ ਨਹੀਂ ਵੇਖਿਆ ਓ ਜੰਮਿਆ ਨਹੀਂ" ਦਾ ਮੰਚਨ ਦੌਰਾਨ ਮਰਹੂਮ ਨਾਟਕਕਾਰ ਹਰਪਾਲ ਟਿਵਾਣਾ ਦੀ ਵਿਰਾਸਤ ਮੁੜ ਸੁਰਜੀਤ ਹੋ ਉੱਠੀ ਕਿਉਂਕਿ ਪਰਿਵਾਰ ਦੀ ਤੀਜੀ ਪੀੜ੍ਹੀ ਨੇ ਇਸ ਜ਼ਿੰਮੇਵਾਰੀ ਨੂੰ ਅੱਗੇ ਵਧਾਇਆ। ਇਸ ਮੌਕੇ ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਪਦਮਸ਼੍ਰੀ ਨਿਰਮਲ ਰਿਸ਼ੀ ਤੇ ਹੋਰ ਕਲਾਕਾਰਾਂ ਦਾ ਸਨਮਾਨ ਕੀਤਾ।

ਨਾਟਕ ਦੀ ਕਹਾਣੀ 1947 ਦੀ ਵੰਡ ਤੋਂ ਬਾਅਦ ਲਾਹੌਰ ਵਿੱਚ ਰਹਿ ਗਈ ਇੱਕ ਹਿੰਦੂ ਔਰਤ ਦੁਆਲੇ ਘੁੰਮਦੀ ਹੈ। ਲਖਨਊ ਤੋਂ ਆ ਕੇ ਉਸ ਦੇ ਘਰ ਵਿੱਚ ਰਹਿਣ ਵਾਲਾ ਇੱਕ ਮੁਸਲਿਮ ਪਰਿਵਾਰ ਸ਼ੁਰੂ ਵਿੱਚ ਉਸਨੂੰ ਘਰ ਵਿੱਚ ਰੱਖਣ ਤੋਂ ਝਿਜਕਦਾ ਹੈ ਅਤੇ ਚਾਹੁੰਦਾ ਹੈ ਕਿ ਉਹ ਚਲੀ ਜਾਵੇ, ਪਰ ਹੌਲੀ-ਹੌਲੀ ਉਹ ਪਰਿਵਾਰ ਦਾ ਹਿੱਸਾ ਬਣ ਜਾਂਦੀ ਹੈ ਅਤੇ ਉਹ ਸਾਰੇ ਤਿਉਹਾਰ, ਇੱਥੋਂ ਤੱਕ ਕਿ ਦੀਵਾਲੀ ਵੀ, ਇਕੱਠੇ ਮਨਾਉਂਦੇ ਹਨ। ਕਹਾਣੀ ਇਹ ਵੀ ਦਿਖਾਉਂਦੀ ਹੈ ਕਿ ਕਿਵੇਂ ਕੁਝ ਕੱਟੜਪੰਥੀ ਲੋਕ ਇਸ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਅਤੇ ਅੰਤ ਵਿੱਚ ਉਸ ਮੌਲਵੀ ਨੂੰ ਮਾਰ ਕੇ ਸਕਾਰਾਤਮਕ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰਦੇ ਹਨ।



ਇਹ ਨਾਟਕ ਉਸ ਵੇਲੇ ਦਰਸ਼ਕਾਂ ਨੂੰ ਭਾਵੁਕ ਕਰਦਾ ਹੈ ਜਦੋਂ 'ਮਾਈ' (ਨਿਰਮਲ ਰਿਸ਼ੀ) ਲਾਹੌਰ ਛੱਡਣ ਲਈ ਆਪਣਾ ਸਮਾਨ ਚੁੱਕ ਕੇ ਲਿਜਾ ਰਹੀ ਹੁੰਦੀ ਹੈ ਤਾਂ ਲਾਹੌਰ ਦੇ ਜੌਹਰੀਆਂ ਮੁਹੱਲੇ ਦੇ ਲੋਕ ਉਸ ਨੂੰ ਰੋਕ ਲੈਂਦੇ ਹਨ ਤੇ ਉਸਦੇ ਅੰਤਿਮ ਸਮੇਂ ਤੱਕ ਉਸਦਾ ਸਾਥ ਦਿੰਦੇ ਹਨ। ਨਾਟਕ ਵਿੱਚ ਮਰਹੂਮ ਹਰਪਾਲ ਟਿਵਾਣਾ ਦੇ ਦੋ ਪੋਤਰੇ, ਅੰਗਦ ਟਿਵਾਣਾ ਅਤੇ ਯਸ਼ ਹਰਪਾਲ ਟਿਵਾਣਾ, ਨੇ ਇਸ ਨਾਟਕ ਵਿੱਚ ਅਹਿਮ ਭੂਮਿਕਾਵਾਂ ਨਿਭਾਈਆਂ; ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪਿਤਾ ਤੇ ਨਾਟਕ ਦੇ ਨਿਰਦੇਸ਼ਕ ਮਨਪਾਲ ਟਿਵਾਣਾ ਨੇ ਵੀ ਇਸ ਨਾਟਕ ਵਿੱਚ ਅਹਿਮ ਰੋਲ ਨਿਭਾਇਆ।ਇਸ ਨਾਟਕ ਵਿੱਚ ਪਦਮ ਸ਼੍ਰੀ ਨਿਰਮਲ ਰਿਸ਼ੀ ਮੁੱਖ ਅਦਾਕਾਰਾ ਵਜੋਂ ਸ਼ਾਮਲ ਹੋਏ। ਆਪਣੇ ਦਾਦਾ-ਦਾਦੀ, ਨੀਨਾ ਅਤੇ ਹਰਪਾਲ ਟਿਵਾਣਾ, 1965 ਵਿੱਚ 'ਨੈਸ਼ਨਲ ਸਕੂਲ ਆਫ਼ ਡਰਾਮਾ' ਤੋਂ ਗ੍ਰੈਜੂਏਟ ਹੋਣ ਵਾਲੇ ਪਹਿਲੇ ਪੰਜਾਬੀ ਦੇ ਨਕਸ਼ੇ ਕਦਮਾਂ 'ਤੇ ਚਲਦਿਆਂ ਯਸ਼ ਹਰਪਾਲ ਟਿਵਾਣਾ ਆਪਣੀ ਅਦਾਕਾਰੀ ਦੇ ਹੁਨਰ ਨੂੰ ਨਿਖਾਰਨ ਲਈ ਵਿੱਚ ਸਿਖਲਾਈ ਲੈਣ ਜਾ ਰਹੇ ਹਨ।

ਇਸ ਨਾਟਕ ਦੀਆਂ ਕਈ ਹੋਰ ਵਿਸ਼ੇਸ਼ਤਾਵਾਂ ਵੀ ਹਨ; ਹਾਲ ਹੀ ਵਿੱਚ, ਇਸ ਨਾਟਕ ਦੇ ਲੇਖਕ ਅਸਗਰ ਵਜਾਹਤ ਦੀ ਸਕ੍ਰਿਪਟ 'ਤੇ ਆਮਿਰ ਖਾਨ ਪ੍ਰੋਡਕਸ਼ਨਜ਼ ਦੁਆਰਾ 'ਬਟਵਾਰਾ 1947' ਨਾਮਕ ਫਿਲਮ ਬਣਾਈ ਗਈ ਸੀ। ਨਾਟਕ ਨੂੰ ਵਿਕਾਸ ਜੁਨੇਜਾ ਨੇ ਤਕਨੀਕੀ ਤੌਰ 'ਤੇ ਤਿਆਰ ਕੀਤਾ ਹੈ, ਜਿਸ ਵਿੱਚ ਆਧੁਨਿਕ ਲਾਈਟਿੰਗ ਅਤੇ ਐਲਈਡੀ ਪ੍ਰੋਜੈਕਸ਼ਨ ਦੀ ਵਰਤੋਂ ਕੀਤੀ ਗਈ ਹੈ। ਨਾਟਕ ਦੀ ਬਾਕੀ ਕਲਾਕਾਰ ਟੀਮ ਵਿੱਚ ਕਈ 'ਓਲਡ ਯਾਦਵਿੰਦਰੀਅਨ' ਸ਼ਾਮਲ ਸਨ, ਖਾਸ ਤੌਰ 'ਤੇ ਫਤਿਹ ਇੰਦਰ ਗਰਗ, ਦੇਵਨਾ ਮੰਗਲਾ, ਗੁਣਵੰਤ ਕੌਰ ਅਤੇ ਸੋਹਰਾਬ ਸਿੱਧੂ; ਇਨ੍ਹਾਂ ਦੇ ਨਾਲ ਪੇਸ਼ੇਵਰ ਕਲਾਕਾਰ ਸੁਖਵਿੰਦਰ ਸੋਹੀ ਅਤੇ ਵਕੀਲਾ ਮਾਨ ਸਮੇਤ ਸਕੂਲ ਦੇ ਪੰਜਾਬੀ ਵਿਭਾਗ ਦੇ ਮੁਖੀ ਸੁਖਪਾਲ ਸਿੰਘ ਵੀ ਸ਼ਾਮਲ ਸਨ।

## ਪੀ.ਐੱਮ.ਸ਼੍ਰੀ ਸਰਕਾਰੀ ਹਾਈ ਸਕੂਲ ਵਿਖੇ 'ਬੈਗਲੈੱਸ ਡੇ' 'ਤੇ ਕਰਵਾਇਆ ਗਿਆ ਸ਼ਾਨਦਾਰ 'ਸਪੋਰਟਸ ਡੇਅ'

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 28 ਸਤੰਬਰ : ਸਥਾਨਕ ਪੀ.ਐੱਮ.ਸ਼੍ਰੀ ਸਰਕਾਰੀ ਹਾਈ ਸਕੂਲ, ਸੁਰਗਾਪੁਰੀ ਵਿਖੇ ਵਿਦਿਆਰਥੀਆਂ ਦੇ ਸਰੀਰਕ ਅਤੇ ਮਾਨਸਿਕਵਿਕਾਸ ਨੂੰ ਉਤਸ਼ਾਹਿਤ ਕਰਨ ਦੇ ਮਨੋਰਥ ਨਾਲ 'ਬੈਗਲੈੱਸ ਡੇ' ਮਨਾਉਂਦਿਆਂ ਇੱਕ ਸ਼ਾਨਦਾਰ 'ਸਪੋਰਟਸ ਡੇਅ' ਦਾ ਆਯੋਜਨ ਕੀਤਾ ਗਿਆ। ਇਸ ਖੇਡ ਸਮਾਗਮ ਦੌਰਾਨ ਬੱਚਿਆਂ ਦੇ ਵੱਖ-ਵੱਖ ਤਰ੍ਹਾਂ ਦੇ ਇੰਡੋਰ ਅਤੇ ਆਊਟਡੋਰ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਕੋਟਲਾ ਛਪਾਕੀ, ਸ਼ਤਰੰਜ (ਚੈੱਸ), ਕੈਰਮ ਬੋਰਡ, ਰੱਸੀ ਟੱਪਣਾ, ਲੂਡੋ ਅਤੇ ਦੌੜਾਂ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ। ਸਕੂਲ ਦੇ ਸਮੂਹ ਵਿਦਿਆਰਥੀਆਂ ਨੇ ਇਹਨਾਂ ਖੇਡਾਂ ਵਿੱਚ ਬਹੁਤ ਹੀ ਉਤਸ਼ਾਹ ਅਤੇ ਭਾਵਨਾ ਨਾਲ ਹਿੱਸਾ ਲਿਆ। ਇਸ ਪੂਰੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਅਤੇ ਬੱਚਿਆਂ ਦੀ ਸਰਗਰਮ ਭਾਗੀਦਾਰੀ ਯਕੀਨੀ ਬਣਾਉਣ ਵਿੱਚ ਸਕੂਲ ਦੇ ਸਮੂਹ ਸਟਾਫ਼ ਨੇ ਅਹਿਮ ਯੋਗਦਾਨ ਪਾਇਆ। ਇਸ ਮੌਕੇ ਸਕੂਲ ਦੇ ਹੈੱਡਮਾਸਟਰ ਸ਼੍ਰੀਮਾਨ ਮਨੀਸ਼ ਛਾਬੜਾ ਜੀ ਨੇ ਵਿਦਿਆਰਥੀਆਂ ਨੂੰ ਖੇਡਾਂ ਦਾ ਮਹੱਤਵ ਸਮਝਾਉਂਦਿਆਂ ਦੱਸਿਆ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਬੱਚਿਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਉਹਨਾਂ ਦੇ ਸਰਵਪੱਖੀ ਵਿਕਾਸ ਲਈ ਬੇਹੱਦ ਜ਼ਰੂਰੀ ਹਨ। ਖੇਡਾਂ ਨਾਲ ਜਿੱਥੇ ਸਰੀਰ ਨਿਰੋਈ ਰਹਿੰਦਾ ਹੈ, ਉੱਥੇ ਹੀ ਮਾਨਸਿਕ ਤੌਰ 'ਤੇ ਵੀ ਬੱਚੇ ਮਜ਼ਬੂਤ ਬਣਦੇ ਹਨ।

## ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਵਸ ਮੌਕੇ ਵਿਧਾਇਕ ਗਰੇਵਾਲ ਵੱਲੋਂ ਸ਼ਹੀਦਾਂ ਨੂੰ ਨਮਨ

### ਬਹਾਦਰ ਕੇ ਰੋਡ ਸਥਿਤ ਸ਼ਹੀਦ ਭਗਤ ਸਿੰਘ ਜੀ ਦੀ ਪ੍ਰਤਿਮਾ ਤੇ ਕੀਤੀਆਂ ਫੁੱਲ ਮਾਲਾ ਭੇਂਟ

### ਕਿਹਾ! ਸਾਡੇ ਸ਼ਹੀਦਾਂ ਵੱਲੋਂ ਦੇਖੇ ਗਏ ਰੰਗਲੇ ਪੰਜਾਬ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਵਚਨਬੱਧ

### ਹਜ਼ਾਰਾਂ ਦੀ ਗਿਣਤੀ ਚ ਇਕੱਠੇ ਹੋਏ ਨੌਜਵਾਨਾਂ ਨੇ ਰੈਲੀ ਦੌਰਾਨ ਲਗਾਏ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 28 ਸਤੰਬਰ : ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਲੁਧਿਆਣਾ ਪੂਰਬੀ ਤੋਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਵੱਲੋਂ ਬਹਾਦਰ ਕੇ ਰੋਡ ਸਥਿਤ ਪ੍ਰਤਿਮਾ ਤੇ ਫੁੱਲ ਮਲਾਵਾਂ ਭੇਟ ਕਰਦੇ ਹੋਏ ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਜਨਮ ਦਿਵਸ ਮੌਕੇ ਵਧਾਈ ਦਿੱਤੀ।

ਇਸ ਮੌਕੇ ਤੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਨੌਜਵਾਨਾਂ ਨੇ ਜਮਾਲਪੁਰ ਤੋਂ ਲੈ ਕੇ ਦਾਣਾ ਮੰਡੀ ਤੱਕ ਮੋਟਰਸਾਈਕਲ ਅਤੇ ਕਾਰ ਰੈਲੀ ਦਾ ਆਯੋਜਨ ਕੀਤਾ।

ਇਸ ਦੌਰਾਨ ਸੰਬੋਧਨ ਕਰਦਿਆਂ ਵਿਧਾਇਕ ਗਰੇਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਮੁੱਖ ਟੀਚਾ ਸਾਡੇ ਦੇਸ਼ ਦੇ ਮਹਾਨ ਸ਼ਹੀਦਾਂ ਦੇ ਸੁਪਨੇ ਵਾਲਾ ਰੰਗਲਾ ਪੰਜਾਬ ਦੀ ਸਿਰਜਣਾ ਕਰਨਾ ਹੈ, ਜਿੱਥੇ ਸਭ ਧਰਮਾਂ ਦਾ ਸਤਿਕਾਰ, ਜਾਤ ਪਾਤ ਦਾ ਤਿਆਗ ਕਰਨਾ ਹੈ ਅਤੇ ਬਿਨਾਂ ਕਿਸੇ ਭੇਦ ਭਾਵ ਤੋਂ ਆਪਸੀ ਭਾਈਚਾਰਕ ਸਾਂਝ ਨੂੰ ਮਜਬੂਤ ਕਰਨਾ ਹੀ ਮੁੱਖ ਮਕਸਦ ਹੈ। ਉਹਨਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਜੀ ਨੇ ਦੇਸ਼ ਦੇ ਲਈ 23 ਸਾਲ ਦੀ ਉਮਰ ਵਿੱਚ ਹੀ ਕੁਰਬਾਨੀ ਦੇ ਕੇ ਅੰਗਰੇਜ਼ੀ ਹਕੂਮਤ ਦੀਆਂ ਜੜ੍ਹਾਂ ਭਾਰਤ ਵਿੱਚੋਂ ਪੁੱਟ ਦਿੱਤੀਆਂ ਸਨ।

ਉਹਨਾਂ ਕਿਹਾ ਕਿ ਅੱਜ ਉਹਨਾਂ ਦੇ ਜਨਮ ਦਿਵਸ ਮੌਕੇ ਸਾਨੂੰ ਸਭ ਨੂੰ ਪ੍ਰਣ ਕਰਨ ਦੀ ਲੋੜ ਹੈ ਕਿ ਉਹਨਾਂ ਵੱਲੋਂ ਦੱਸੇ ਗਏ ਮਾਰਗ ਤੇ ਅਸੀਂ ਸਭ ਮਿਲ ਕੇ ਚੱਲੀਏ ਤੇ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਇੱਕ ਦੂਸਰੇ ਦਾ ਸਾਥ ਦਿੰਦੇ ਹੋਏ ਉਹਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਆਪਣਾ ਯੋਗਦਾਨ ਪਾਈਏ।

ਉਹਨਾਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸ਼ਹੀਦਾਂ ਵੱਲੋਂ ਦੇਖੇ ਗਏ ਸੁਫਨਿਆਂ ਨੂੰ ਪੂਰਾ ਕਰਨ ਲਈ ਵਚਨਬੱਧ ਹੈ।

ਇਸ ਮੌਕੇ ਤੇ ਆਪ ਆਗੂ ਕੁਲਵਿੰਦਰ ਸਿੰਘ ਗਰੇਵਾਲ, ਸੁਰਿੰਦਰ ਮਦਾਨ, ਜਸਵਿੰਦਰ ਸਿੰਘ ਸੰਧੂ, ਬਾਬੂ ਰਾਮ ਸ਼ਰਮਾ, ਕੌਂਸਲਰ ਲਖਵਿੰਦਰ ਚੌਧਰੀ, ਵਿਪਨ ਦੀਸ਼ਾ, ਦਿਨੇਸ਼ ਸ਼ਰਮਾ, ਭੂਸ਼ਣ ਸ਼ਰਮਾ, ਜਗਪਾਲ ਸਿੰਘ ਲਾਲੀ, ਗੱਗੀ ਸ਼ਰਮਾ, ਜਤਿੰਦਰ ਸਿੰਘ ਸੋਢੀ, ਅਨੁਜ ਚੌਧਰੀ, ਕੌਂਸਲਰ ਮੈਡਮ ਨਿਧੀ ਗੁਪਤਾ , ਕੌਂਸਲਰ ਸੁਖਮੇਲ ਸਿੰਘ ਗਰੇਵਾਲ, ਕੌਂਸਲਰ ਅਸ਼ਵਨੀ ਸ਼ਰਮਾ, ਲਵਲੀ ਮਨੋਚਾ, ਕੁਲਵਿੰਦਰ ਕਿੰਨੂ, ਬਾਜ ਸਿੰਘ ਸਿੱਧੂ, ਸੁਖਵੰਤ ਸੁੱਖਾ, ਸੁਰਜੀਤ ਠੇਕੇਦਾਰ, ਅੰਕੁਰ ਗੁਲਾਟੀ, ਮਨਵੀਰ ਸੰਧੂ, ਲਖਵਿੰਦਰ ਲੱਖਾ, ਰਵਿੰਦਰ ਰਾਜੂ, ਬਿੱਲਾ ਅਲੀ , ਮੰਨੂ ਗਰੇਵਾਲ, ਰਾਜ ਗਰੇਵਾਲ, ਰਾਜੂ ਗਰੇਵਾਲ, ਲਖਨ ਗਰੇਵਾਲ, ਰਣਜੋਤ ਸਿੰਘ ਗਰੇਵਾਲ, ਅਮਰੀਕ ਸਿੰਘ ਸ਼ਕਤੀਨਗਰ, ਭਾਰਤ ਭੂਸ਼ਣ ਮਿੱਠੂ, ਰਮੇਸ਼ ਪਿੰਕਾ, ਇੰਦਰਦੀਪ ਮਿੰਕੂ, ਮੋਹਿਤ ਸ਼ਰਮਾ, ਦਰਸ਼ਨ ਚਾਵਲਾ, ਮੋਨੂ ਸਬਰਵਾਲ ਅਤੇ ਸੰਜੂ ਸ਼ਰਮਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ।

## ਸ਼ਹਿਦੇ ਆਜ਼ਮ ਭਗਤ ਸਿੰਘ

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ



ਸ਼ਹਿਦੇ ਆਜ਼ਮ ਭਗਤ ਸਿੰਘ ਆਪਣੀ ਜੇਲ ਡਾਇਰੀ ਪੰਨਾ ਨੰਬਰ ,115 ਤੇ ਲਿਖਦੇ ਹਨ।

ਸਜ਼ਾ ਇਕ ਬੁਰਾਈ:
ਸਜ਼ਾ ਆਪਣੇ ਆਪ ਵਿਚ ਹੀ ਇਕ ਬੁਰਾਈ ਹੈ।
ਇਸ ਨੂੰ ਸਿਰਫ ਇਕ ਵਡੇ ਉਦੇਸ਼ ਦੀ ਪ੍ਰਾਪਤੀ ਦੇ ਸਾਧਨ ਵਜੋਂ ਹੀ ਉਚਿਤ ਠਹਿਰਾਇਆ ਜਾ ਸਕਦਾ ਹੈ।
ਪਰ ਬਦਲੇਖੋਰੀ ਸਿਧਾਂਤ ਦੇ ਸਮਰਥਕ ਇਸ ਢੰਗ ਨਾਲ ਦਲੀਲ ਦਿੰਦੇ ਹਨ।
ਦੋਸ਼ ਜਮ੍ਹਾ ਸਜ਼ਾ ਬਰਾਬਰ ਨਿਰ ਦੋਸ਼ਤਾ।
ਉਸ ਨੇ ਨਿਆਂ ਦੇ ਕਾਨੂੰਨ ਦਾ ਜਿਸ ਗਲਤੀ ਨਾਲ ਉਲੰਘਣ ਕੀਤਾ ਹੈ।
ਉਸ ਨਾਲ ਉਸ ਦੇ ਉਤੇ ਇੱਕ ਰਿਣ ਚੜ੍ਹ
ਜਾਂਦਾ ਹੈ।
ਅਖੀਰ ਨਿਆਂ ਦਾ ਇਹ ਤਕਾਜ਼ਾ ਹੈ ਕਿ ਉਹ ਰਿਣ ਉਤਾਰ ਦਿਤਾ ਜਾਵੇ
ਸਜ਼ਾ ਦਾ ਪਹਿਲਾ ਉਦੇਸ਼ ਭੰਗ ਕੀਤੇ ਗਏ
ਕਾਨੂੰਨ ਨੂੰ ਤੁਸ਼ਟ ਕਰਨਾ ਹੈ।
ਤਸੀਹੇ ਦੇ ਕੇ ਮੌਤ
ਕਿ ਤੈਨੂੰ ਫੇਰ ਉਸੇ ਜੇਲ੍ਹ ਵਿੱਚ ਵਾਪਸ ਲੈ ਜਾਇਆ ਜਾਵੇ ਜਿਥੋਂ ਤੂੰ ਇਆ ਸੀ। ਯਾਨਿ ਕਿ ਉਸ ਲੰਮੀ ਕਾਲ ਕੋਠੜੀ ਵਿੱਚ
ਜਿਸ ਦੇ ਅੰਦਰ ਨਾ ਰੋਸ਼ਨੀ ਜਾ ਸਕੇ
ਨੰਗੀ ਫਰਸ਼ ਤੇ ਪਿੱਠ ਦੇ ਭਾਰ , ਤੇ ਤੇਰੇ ਤਨ ਤੇ ਇਕ ਹੀ ਕਪੜਾ ਹੋਵੇ, ਤੇਰੇ ਸਰੀਰ ਤੇ ਇਨ੍ਹਾ ਬੋਝ ਰਖਿਆ ਜਾਵੇ।
ਤੂੰ ਬਰਦਾਸ਼ਤ ਕਰੇ ਉਸ ਤੋਂ ਵੀ ਵਧ
ਦੂਜੇ ਦਿਨ ਫਾਟਕ ਅੱਗੇ ਟੋਏ ਵਿਚ ਸਿਰਫ਼ ਤਿੰਨ ਘੁਟ ਪਾਣੀ ਦਿੱਤਾ ਜਾਵੇ
ਸੁਕੀਆ ਰੋਟੀਆਂ।ਇਕ ਦਿਨ ਛੋੜ ਕੇ ਪਾਣੀ ਦਿੱਤਾ ਜਾਵੇ।ਜਦ ਤਕ ਤੂੰ ਮਰ ਨਾ ਜਾਵੇ। ਉਨ੍ਹਾ ਸਾਰੇ ਜੁਰਮਾਂ ਕਰ ਕੇ ਦਿੱਤੀ ਗਈ ਜਿਹੜੇ ਗੈਰ ਮਾਮੂਲੀ ਨਹੀ ਸਨ।
ਦੇਖੋ ਅਜ ਇਸ ਸ਼ਖਸ ਦਾ ਜਨਮ ਦਿਨ ਹੈ। ਸਭ ਨੂੰ ਇਤਹਾਸ ਤੋਂ ਵਾਕਿਫ਼ ਹੋਣਾ ਚਾਹਿਦਾ ਹੈ।ਜੋ ਦੇਸ਼ ਵਾਸਤੇ ਕੀ ਕੀ ਕਰ ਗਿਆ।